# ਪਠਾਨਕੋਟ ਕੈਂਟ ਸਟੇਸ਼ਨ 'ਤੇ ਚੱਲਿਆ ਆਪ੍ਰੇਸ਼ਨ ਕਾਸੋ

## ਜੀ.ਆਰ.ਪੀ. ਜ਼ਿਲ੍ਹਾ ਪੁਲਿਸ ਤੇ ਆਰ.ਪੀ.ਐਫ. ਨੇ ਜਾਂਚਿਆ ਚੱਪਾ-ਚੱਪਾ




ਪਠਾਨਕੋਟ ਕੈਂਟ ਰੇਲਵੇ ਸਟੇਸ਼ਨ ਵਿਖੇ ਜੀ.ਆਰ.ਪੀ., ਜ਼ਿਲ੍ਹਾ ਪੁਲਿਸ ਤੇ ਆਰ.ਪੀ.ਐਫ. ਚੈਕਿੰਗ ਅਭਿਆਨ ਚਲਾਉਂਦੇ ਹੋਏ। ਤਸਵੀਰਾਂ : ਸੰਧੂ

ਪਠਾਨਕੋਟ, 28 ਅਕਤੂਬਰ (ਸੰਧੂ)-ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜੀ.ਆਰ.ਪੀ., ਜ਼ਿਲ੍ਹਾ ਪੁਲਿਸ ਤੇ ਆਰ.ਪੀ.ਐਫ. ਨੇ ਆਪ੍ਰੇਸ਼ਨ ਕਾਸੋ ਦੇ ਹਿੱਸੇ ਵਜੋਂ ਬੁੱਧਵਾਰ ਦੇਰ ਸ਼ਾਮ ਕੈਂਟ ਰੇਲਵੇ ਸਟੇਸ਼ਨ 'ਤੇ ਇਕ ਸਾਂਝਾ ਚੈਕਿੰਗ ਆਪ੍ਰੇਸ਼ਨ ਕੀਤਾ ਤੇ ਸਟੇਸ਼ਨ ਦੇ ਹਰ ਕੋਨੇ ਦੀ ਪੂਰੀ ਤਲਾਸ਼ੀ ਲਈ। ਚੈਕਿੰਗ ਦੌਰਾਨ ਐਂਟੀ ਸਬੋਟਾਜ ਟੀਮ ਨੇ ਪੁਲਿਸ ਫੋਰਸ ਦੇ ਨਾਲ ਮਿਲ ਕੇ ਪੂਰੇ ਸਟੇਸ਼ਨ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ। ਜਿਸ 'ਚ ਵੇਟਿੰਗ ਹਾਲ, ਪਾਰਸਲ ਕਾਊਂਟਰ, ਸਾਈਕਲ ਸਟੈਂਡ ਤੇ ਰਿਜ਼ਰਵੇਸ਼ਨ ਸੈਂਟਰ ਸ਼ਾਮਿਲ ਹਨ। ਕਿਸੇ ਵੀ ਸ਼ੱਕੀ ਗਤੀਵਿਧੀ 'ਤੇ ਤੁਰੰਤ ਕਾਰਵਾਈ ਕਰਨ ਨੂੰ ਯਕੀਨੀ ਬਣਾਉਣ ਲਈ ਯਾਤਰੀਆਂ ਦੇ ਸਾਮਾਨ ਦੀ ਵੀ ਜਾਂਚ ਕੀਤੀ ਗਈ। ਜੀ.ਆਰ.ਪੀ. ਸਟੇਸ਼ਨ ਅਫਸਰ ਅਸ਼ੋਕ ਕੁਮਾਰ, ਕੈਂਟ ਚੌਕੀ ਅਫਸਰ ਪਲਵਿੰਦਰ ਸਿੰਘ ਤੇ ਡਵੀਜ਼ਨ ਨੰਬਰ-2 ਅਫਸਰ ਅਰੁਣ ਕੁਮਾਰ ਨੇ ਦੱਸਿਆ ਕਿ ਤਿੰਨਾਂ ਵਿਭਾਗਾਂ ਨੇ ਇਹ ਸਾਂਝਾ ਚੈਕਿੰਗ ਆਪ੍ਰੇਸ਼ਨ ਕੀਤਾ। ਉਨ੍ਹਾਂ ਕਿਹਾ ਕਿ ਕੈਂਟ ਸਟੇਸ਼ਨ ਤਿੰਨ ਰਾਜਾਂ ਦਾ ਸੰਗਮ ਬਿੰਦੂ ਹੈ, ਜਿਸ ਕਾਰਨ ਇਹ ਇਕ ਬਹੁਤ ਹੀ ਸੰਵੇਦਨਸ਼ੀਲ ਥਾਂ ਹੈ। ਇਸ ਲਈ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਮੇਂ-ਸਮੇਂ 'ਤੇ ਅਜਿਹੇ ਵਿਸ਼ੇਸ਼ ਚੈਕਿੰਗ ਆਪ੍ਰੇਸ਼ਨ ਕੀਤੇ ਜਾਂਦੇ ਹਨ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਅਜਿਹੀ ਕਾਰਵਾਈ ਭਵਿੱਖ 'ਚ ਵੀ ਨਿਯਮਿਤ ਤੌਰ 'ਤੇ ਜਾਰੀ ਰਹੇਗੀ, ਤਾਂ ਜੋ ਯਾਤਰੀਆਂ ਨੂੰ ਸੁਰੱਖਿਅਤ ਮਾਹੌਲ ਮਿਲ ਸਕੇ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਸਖ਼ਤ ਨਜ਼ਰ ਰੱਖੀ ਜਾ ਸਕੇ।

# ਭੋਗ 'ਤੇ ਵਿਸ਼ੇਸ਼-ਮਾਤਾ ਕਸ਼ਮੀਰ ਕੌਰ

ਗੁਰਦਾਸਪੁਰ-ਮਾਤਾ ਕਸ਼ਮੀਰ ਕੌਰ ਦਾ ਜਨਮ 1949 ਨੂੰ ਪਿਤਾ ਵਧਾਵਾ ਸਿੰਘ ਦੇ ਘਰ ਤੇ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਪਿੰਡ ਘਰਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਆਪ ਇਕ ਅਗਾਂਹਵਧੂ ਪਰਿਵਾਰ ਦੇ ਮੈਂਬਰ ਸਨ। ਆਪ ਦੇ ਪੰਜ ਭਰਾ ਤੇ ਤਿੰਨ ਭੈਣਾਂ ਹੋਰ ਸਨ। ਆਪ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਕਰਨ ਦੇ ਨਾਲ ਨਾਲ ਸਿਲਾਈ ਕੋਰਸ ਵੀ ਕੀਤਾ। ਆਪ ਦਾ ਵਿਆਹ 21 ਸਾਲ ਦੀ ਉਮਰ 'ਚ ਪਿੰਡ ਵਰਸੋਲਾ ਦੇ ਮਾਸਟਰ ਪ੍ਰਦੱਖਣ ਸਿੰਘ ਨਾਲ ਹੋਇਆ। ਆਪ ਨੇ ਆਪਣੇ ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬੜੀ ਸੁਹਿਰਦਤਾ ਨਾਲ ਨਿਭਾਇਆ। ਆਪ ਦੇ ਦੋ ਪੁੱਤਰ ਤੇ ਦੋ ਪੁੱਤਰੀਆਂ ਹਨ, ਜਿਨ੍ਹਾਂ ਨੂੰ ਆਪ ਨੇ ਉੱਚ ਸਿੱਖਿਆ ਦਿਵਾਈ। ਆਪ ਦਾ ਵੱਡਾ ਪੁੱਤਰ ਲਾਲ ਦਿਆਲ ਪਾਲ ਸਿੰਘ, ਛੋਟਾ ਪੁੱਤਰ ਹਰਮਨਜੀਤ ਸਿੰਘ ਮਾਰਕਫੈੱਡ ਵਿਚ ਮੈਨੇਜਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਜਦੋਂ ਕਿ ਆਪ ਦੀ ਇਕ ਪੁੱਤਰੀ ਮਨਵਿੰਦਰ ਕੌਰ ਹੈਂਡਬਾਲ ਦੀ ਨੈਸ਼ਨਲ ਪੱਧਰੀ ਖਿਡਾਰਨ ਹੈ ਤੇ ਇਕ ਪੁੱਤਰੀ ਹਰਿੰਦਰ ਕੌਰ ਸਰਕਾਰੀ ਅਧਿਆਪਕਾ ਵਜੋਂ ਸੇਵਾਵਾਂ ਨਿਭਾਅ ਰਹੀ ਹੈ। ਆਪ ਬਹੁਤ ਹੀ ਸ਼ਾਂਤ, ਨਿਮਰ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਆਪ ਗੁਰੂ ਘਰ ਨਾਲ ਅਥਾਹ ਸ਼ਰਧਾ ਰੱਖਦੇ ਸਨ ਤੇ ਗੁਰੂ ਚਰਨਾਂ 'ਚ ਰੋਜ਼ਾਨਾ ਹਾਜ਼ਰੀ ਭਰਦੇ ਸਨ। ਅਚਾਨਕ ਮਿਤੀ 20 ਅਕਤੂਬਰ ਨੂੰ ਮਾਤਾ ਕਸ਼ਮੀਰ ਕੌਰ ਆਪਣੇ ਹੱਸਦੇ ਵੱਸਦੇ ਪਰਿਵਾਰ ਨੂੰ ਸਦਾ ਲਈ ਅਲਵਿਦਾ ਕਹਿ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ। ਮਾਤਾ ਕਸ਼ਮੀਰ ਕੌਰ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਿਤੀ 29 ਅਕਤੂਬਰ 2025 ਦਿਨ ਬੁੱਧਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਵਰਸੋਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਪੈਣਗੇ। ਉਪਰੰਤ ਦੁਪਹਿਰ 12 ਤੋਂ 1 ਵਜੇ ਤੱਕ ਕੀਰਤਨ ਤੇ ਅੰਤਿਮ ਅਰਦਾਸ ਹੋਵੇਗੀ।



-ਗੁਰਪ੍ਰਤਾਪ ਸਿੰਘ

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ 5 ਨਵੰਬਰ ਨੂੰ ਮਨਾਇਆ ਜਾਵੇਗਾ ਪ੍ਰਕਾਸ਼ ਪੁਰਬ

## ਨਗਰ ਕੀਰਤਨ 3 ਨੂੰ

ਗੁਰਦਾਸਪੁਰ, 28 ਅਕਤੂਬਰ (ਅਸ਼ੋਕ ਸ਼ਰਮਾ)-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਜਿਸ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਨਜ਼ਰ ਆ ਰਿਹਾ ਹੈ। ਜਦੋਂ ਕਿ 3 ਨਵੰਬਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਹਿਰ ਅੰਦਰ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਸਬੰਧੀ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ ਸਵੇਰੇ 11 ਵਜੇ ਨਗਰ ਕੀਰਤਨ ਸ਼ੁਰੂ ਹੋਵੇਗਾ ਜੋ ਸ਼ਹਿਰ ਦੀ ਪ੍ਰਕਰਮਾ ਕਰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਸਮੇਂ ਸਮਾਪਤ ਹੋਵੇਗਾ। ਜਦੋਂ ਕਿ 5 ਨਵੰਬਰ ਨੂੰ ਸਵੇਰੇ 7 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਆਸਾ ਦੀ ਵਾਰ ਦਾ ਕੀਰਤਨ ਭਾਈ ਤਰਲੋਚਨ ਸਿੰਘ ਕਰਨਗੇ ਤੇ ਦਿਨ ਦੇ ਦੀਵਾਨਾਂ 'ਚ ਭਾਈ ਤਰਲੋਚਨ ਸਿੰਘ, ਭਾਈ ਅਵਤਾਰ ਸਿੰਘ ਰੰਗੜ ਨੰਗਲ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਦੇਵ ਸਿੰਘ ਡੱਲਾ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਭਾਈ ਤਰਲੋਚਨ ਸਿੰਘ ਤੇ ਭਾਈ ਗੁਰਮੀਤ ਸਿੰਘ ਕੀਰਤਨ ਕਰਨਗੇ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਣਗੇ।

# ਸ਼ਾਹਪੁਰ ਕੰਢੀ ਡੈਮ ਔਸਤੀ ਸੰਘਰਸ਼ ਕਮੇਟੀ ਵਲੋਂ ਮੁੱਖ ਇੰਜੀਨੀਅਰ ਦਫ਼ਤਰ ਸਾਹਮਣੇ ਧਰਨਾ





ਰੋਸ ਮਾਰਚ ਕੱਢਦੇ ਹੋਏ ਡੈਮ ਔਸਤੀ ਪਰਿਵਾਰ ਤੇ ਮੁੱਖ ਇੰਜੀਨੀਅਰ ਦਫ਼ਤਰ ਸਾਹਮਣੇ ਧਰਨਾ ਦਿੰਦੇ ਹੋਏ ਡੈਮ ਔਸਤੀ। ਤਸਵੀਰਾਂ: ਰਣਜੀਤ ਸਿੰਘ

ਸ਼ਾਹਪੁਰ ਕੰਢੀ, 28 ਅਕਤੂਬਰ (ਰਣਜੀਤ ਸਿੰਘ)-ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪਿਛਲੇ 210 ਦਿਨ ਤੋਂ ਭੁੱਖ ਹੜਤਾਲ ਉੱਪਰ ਬੈਠੇ ਸ਼ਾਹਪੁਰ ਕੰਢੀ ਡੈਮ ਔਸਤੀਆਂ ਵਲੋਂ ਪ੍ਰਧਾਨ ਜਸਵੰਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਰਣਜੀਤ ਸਾਗਰ ਡੈਮ ਦੇ ਮੁੱਖ ਇੰਜੀਨੀਅਰ ਦਫ਼ਤਰ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਕੱਠੇ ਹੋਏ ਡੈਮ ਔਸਤੀ ਪਰਿਵਾਰਾਂ ਨੇ ਪਹਿਲਾਂ ਰਣਜੀਤ ਸਾਗਰ ਡੈਮ ਦੀ ਸਟਾਫ਼ ਕਾਲੋਨੀ ਵਿਚ ਰੋਸ ਮਾਰਚ ਕੱਢਿਆ। ਕਾਰਜਕਾਰੀ ਇੰਜੀਨੀਅਰ ਦੇ ਦਫ਼ਤਰ ਦਾ ਘਿਰਾਓ ਕੀਤਾ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਫਿਰ ਡੈਮ ਔਸਤੀ ਰਣਜੀਤ ਸਾਗਰ ਡੈਮ ਦੇ ਮੁੱਖ ਇੰਜੀਨੀਅਰ ਦਫ਼ਤਰ ਪਹੁੰਚੇ ਜਿੱਥੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਡੈਮ ਔਸਤੀ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪਿਛਲੇ 7 ਮਹੀਨਿਆਂ ਤੋਂ ਭੁੱਖ ਹੜਤਾਲ ਉਪਰ ਬੈਠੇ ਹੋਏ ਹਨ। ਡੈਮ ਔਸਤੀ ਕੈਬਨਿਟ ਮੰਤਰੀ ਨੂੰ ਵੀ ਮੰਗ ਪੱਤਰ ਦੇ ਚੁੱਕੇ ਹਨ। ਕੈਬਨਿਟ ਮੰਤਰੀ ਨੇ ਯਕੀਨ ਦਿਵਾਇਆ ਸੀ ਕਿ ਮਸਲਾ ਜਲਦ ਹੱਲ ਹੋ ਜਾਵੇਗਾ, ਪਰ ਅੱਜ ਤੱਕ ਕੋਈ ਹੱਲ ਨਹੀਂ ਨਿਕਲਿਆ। ਜਿਸ ਕਾਰਨ ਡੈਮ ਔਸਤੀ ਸੰਘਰਸ਼ ਲਈ ਮਜ਼ਬੂਰ ਹੋਏ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਡੈਮ ਔਸਤੀਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਪਹਿਲਵਾਨ ਸੁਰਜੀਤ ਸਿੰਘ, ਰਵਿੰਦਰ ਕੁਮਾਰ, ਧੀਰਜ ਕੁਮਾਰ, ਸੰਜੇ ਅਨੋਤਰਾ, ਮਹਿੰਦਰ ਸਿੰਘ, ਅਮਿਤ ਕੁਮਾਰ, ਵਿਨੋਦ ਸ਼ਰਮਾ, ਮੁਰੀਦ, ਰਾਮ ਮਜੀਰਾ, ਰੋਹਿਤ ਕੁਮਾਰ, ਅਨੀਤਾ ਦੇਵੀ, ਵਿਨੋਦ ਕੁਮਾਰੀ, ਜੋਤੀ ਦੇਵੀ, ਵਿਦਿਆ, ਮਧੂ ਕੁਮਾਰ, ਸ਼ਕਤੀ ਅਤੇ ਪ੍ਰੀਤੀ ਆਦਿ ਹਾਜ਼ਰ ਸਨ।

# ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਡੈਨੀਅਲ ਸਿੱਧੂ ਸਨਮਾਨਿਤ



ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਡੈਨੀਅਲ ਸਿੱਧੂ ਨੂੰ ਸਨਮਾਨਿਤ ਕਰਦੇ ਹੋਏ ਮਸੀਹ ਭਾਈਚਾਰੇ ਦੇ ਲੋਕ। ਤਸਵੀਰ : ਜੇਮਸ ਨਾਹਰ

ਧਾਰੀਵਾਲ, 28 ਅਕਤੂਬਰ (ਜੇਮਸ ਨਾਹਰ)-ਸਮਾਜ ਵਿਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਕ੍ਰਿਸ਼ਚਨ ਯੂਥ ਫੈਲੋਸ਼ਿਪ ਪੰਜਾਬ ਦੇ ਜਨਰਲ ਸੈਕਟਰੀ ਡੈਨੀਅਲ ਸਿੱਧੂ ਨੂੰ ਪਾਸਟਰ ਸ਼ੇਰਾ ਮਸੀਹ, ਕੁਲਦੀਪ ਮਸੀਹ ਇੰਚਾਰਜ ਲੀਗਲ ਕ੍ਰਿਸ਼ਚਨ ਐਕਸ਼ਨ ਕਮੇਟੀ ਪੰਜਾਬ, ਪ੍ਰਧਾਨ ਲੱਕੀ ਨਾਹਰ, ਵਿਜੈ ਗਿੱਲ ਬੱਬੇਹਾਲੀ, ਜ਼ਿਲ੍ਹਾ ਪ੍ਰਧਾਨ ਮੁੱਖਾ ਮਸੀਹ ਤੇ ਮੈਂਬਰ ਡੇਰਾ ਬਾਬਾ ਨਾਨਕ ਵਲੋਂ ਇਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਡੈਨੀਅਲ ਸਿੱਧੂ ਵਲੋਂ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਬਖਸ਼ੇ ਹੋਏ ਮਾਨ-ਸਨਮਾਨ ਲਈ ਉਹ ਸਦਾ ਸਭ ਦੇ ਰਿਣੀ ਰਹੇਗਾ। ਇਸ ਮੌਕੇ ਬਾਡੀ ਬਿਲਡਰ ਨੈਸ਼ਨਲ ਪਲੇਅਰ ਹਨੀ ਗਿੱਲ, ਅਮਨ ਬਹਿਰਾਮਪੁਰ, ਸੈਮਸ਼ਨ ਸਿੱਧੂ, ਮੋਹਿਤ ਗਿੱਲ ਆਦਿ ਹਾਜ਼ਰ ਸਨ।

# ਦੇਸ਼ ਤੇ ਸੂਬਾ ਵਿਰੋਧੀ ਗਤੀਵਿਧੀਆਂ ਲਈ ਗੁੰਮਰਾਹ ਹੋ ਰਹੇ ਨੌਜਵਾਨਾਂ ਨੂੰ ਜਾਗਰੂਕ ਕਰਨ ਦੀ ਲੋੜ-ਲਾਰੈਂਸ ਚੌਧਰੀ

ਕਲਾਨੌਰ, 28 ਅਕਤੂਬਰ (ਪੁਰੇਵਾਲ)-ਕ੍ਰਿਸ਼ਚੀਅਨ ਨੈਸ਼ਨਲ ਫਰੰਟ (ਸੀ.ਐਨ.ਐਫ.) ਦੇ ਜ਼ਿਲ੍ਹਾ ਪ੍ਰਧਾਨ ਸਾਹਿਬ ਮਸੀਹ ਦੀ ਅਗਵਾਈ ਹੇਠ ਧਾਰਮਿਕ ਵਿੰਗ ਦੇ ਚੇਅਰਮੈਨ ਪਾ. ਸੁਰਜੀਤ ਮਸੀਹ ਦੇ ਸਹਿਯੋਗ ਨਾਲ ਮਸੀਹੀ ਭਾਈਚਾਰੇ ਦੀ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੀ.ਐਨ.ਐਫ. ਦੇ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਬਲਾਕ ਕਲਾਨੌਰ ਦੇ ਮਹਿਲਾ ਵਿੰਗ ਵਜੋਂ ਭੈਣਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਭੈਣ ਰਾਣੀ ਨੂੰ ਸਰਬਸੰਮਤੀ ਨਾਲ ਸੀ.ਐਨ.ਐਫ. ਦੀ ਮਹਿਲਾ ਵਿੰਗ ਬਲਾਕ ਕਲਾਨੌਰ ਦਾ ਪ੍ਰਧਾਨ ਚੁਣਿਆ ਤੇ ਸ਼ੁਭਕਾਮਨਾਵਾਂ ਦਿੱਤੀਆਂ। ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਕਿਹਾ ਕਿ 1949 'ਚ ਭਾਰਤ ਰਤਨ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਨੇ ਦੇਸ਼ ਨੂੰ ਸੰਵਿਧਾਨ ਸਮਰਪਿਤ ਕਰਦਿਆਂ ਕਿਹਾ ਸੀ ਕਿ ਲੋਕਤੰਤਰ ਦੇਸ਼ 'ਚ ਕਿਸੇ ਨਾਲ ਵੀ ਧਰਮ ਤੇ ਜਾਤੀ ਦੇ ਆਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਵੇਗਾ, ਜਦਕਿ ਬਹੁਤ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦੇ 79 ਸਾਲ ਬਾਅਦ ਵੀ ਮਾਨਯੋਗ ਸੁਪਰੀਮ ਕੋਰਟ ਦੇ ਦਲਿਤ ਜੱਜ 'ਤੇ ਜੁੱਤੀ ਸੁੱਟਣਾ, ਜਾਤੀ ਵਿਤਕਰੇ ਕਾਰਨ ਦਲਿਤ ਆਈ.ਪੀ.ਐੱਸ. ਵਲੋਂ ਆਤਮ ਹੱਤਿਆ ਕਰ ਲੈਣਾ, ਘੋੜੀ ਚੜ੍ਹਨ 'ਤੇ ਦਲਿਤਾਂ ਨੂੰ ਮਾਰ ਦੇਣਾ ਆਦਿ ਘਟਨਾਵਾਂ ਕਾਬਿਜ਼ ਜਮਾਤਾਂ 'ਤੇ ਅਨੇਕਾਂ ਸਵਾਲ ਖੜ੍ਹੇ ਕਰਦੀਆਂ ਹਨ। ਇਸ ਮੌਕੇ ਪਾ. ਜ਼ੱਕੀ, ਪਾ. ਪ੍ਰਗਟ ਮਸੀਹ, ਪਾ. ਦਲਜੀਤ, ਪਾ. ਪ੍ਰੇਮ, ਪਾ.ਰੋਬਿਨ, ਪਾ.ਰਤਨ ਦਬੁਰਜੀ, ਪਾ. ਦਲਬੀਰ ਅਰਲੀਭੰਨ, ਪਾ. ਮੱਸੂ ਕਾਦਰਾਬਦ, ਐਂਦਲ, ਨਿਸ਼ਾ, ਅੰਜੂ, ਆਸ਼ਾ, ਜ਼ੀਨਤ, ਮੇਜਰ ਮਸੀਹ, ਬਾਊ ਮਸੀਹ ਵੀ ਹਾਜ਼ਰ ਰਹੇ।

# ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ




ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਦੌਰਾਨ ਪ੍ਰਿੰ. ਡਾ. ਕਮਲ ਕਿਸ਼ੋਰ ਅੱਤਰੀ। ਅਜੀਤ ਤਸਵੀਰ

ਕਲਾਨੌਰ, 28 ਅਕਤੂਬਰ (ਪੁਰੇਵਾਲ)-ਸਥਾਨਕ ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀ ਵਿੱਦਿਆ ਦੇ ਖੇਤਰ 'ਚ ਨਿਰੰਤਰ ਮੱਲਾਂ ਮਾਰ ਰਹੇ ਹਨ, ਜਿਸ ਤਹਿਤ ਕਾਲਜ ਦੇ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਐਲਾਨੇ ਨਤੀਜਿਆਂ 'ਚ ਮੈਰਿਟ ਪੁਜੀਸ਼ਨਾਂ ਹਾਸਲ ਕਰਕੇ ਕਾਲਜ, ਇਲਾਕੇ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰ ਰਹੇ ਹਨ। ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਨੇ ਦੱਸਿਆ ਕਿ ਬੀ.ਕਾਮ. ਸਮੈਸਟਰ ਚੌਥਾ ਦੀ ਵਿਦਿਆਰਥਣ ਗੁਰਲੀਨ ਕੌਰ ਨੇ 7.08 ਸੀ.ਜੀ.ਪੀ.ਏ. ਨਾਲ ਕਾਲਜ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਸੁਨੇਹਾ 6.85 ਨਾਲ ਦੂਸਰੇ, ਪ੍ਰਭਜੋਤ ਕੌਰ 6.77 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ 'ਚੋਂ ਤੀਸਰੇ ਸਥਾਨ ਅਤੇ ਰਣਦੀਪ ਕੌਰ ਨੇ 6.69 ਸੀ.ਜੀ.ਪੀ.ਏ. ਲੈ ਕੇ ਕਾਲਜ 'ਚ ਚੌਥੇ ਸਥਾਨ 'ਤੇ ਰਹੀਆਂ। ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਨੇ ਸੰਬੰਧਤ ਵਿਭਾਗ ਦੇ ਪ੍ਰੋ. ਸਿਵਾਨੀ ਤੇ ਪ੍ਰੋ. ਰਿਧਿਮਾ ਮਹਾਜਨ ਤੇ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਆਸ ਪ੍ਰਗਟਾਈ ਕਿ ਅਤਿ ਤਜਰਬੇਕਾਰ ਅਧਿਆਪਕਾਂ ਦੀ ਮਿਹਨਤ ਸਦਕਾ ਕਾਲਜ ਦੇ ਵਿਦਿਆਰਥੀ ਭਵਿੱਖ 'ਚ ਵੀ ਮੈਰਿਟ ਪੁਜੀਸ਼ਨਾਂ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕਰਦੇ ਰਹਿਣਗੇ। ਉਨ੍ਹਾਂ ਨੇ ਕਾਲਜ ਦੇ ਬਾਕੀ ਵਿਦਿਆਰਥੀਆਂ ਨੂੰ ਵੀ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਸੰਦੀਪ ਚੰਚਲ, ਪ੍ਰੋ. ਆਰਤੀ ਮਹਾਜਨ, ਪ੍ਰੋ. ਮਨਜਿੰਦਰ ਕੌਰ, ਪ੍ਰੋ. ਅੰਮ੍ਰਿਤਪਾਲ ਕੌਰ, ਪ੍ਰੋ. ਵਰਿੰਦਰ ਕੌਰ, ਪ੍ਰੋ. ਪੂਜਾ ਦੇਵੀ ਵੀ ਮੌਜੂਦ ਰਹੇ।



ਹੋਣਹਾਰ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ। ਅਜੀਤ ਤਸਵੀਰ

# ਵਿਦਿਆਰਥਣ ਸਿਮਰਨਜੀਤ ਕੌਰ ਦਾ ਜ਼ਿਲ੍ਹਾ ਪੱਧਰ 'ਤੇ ਸਨਮਾਨ

ਧਾਰੀਵਾਲ, 28 ਅਕਤੂਬਰ (ਸਵਰਨ ਸਿੰਘ)-ਇਥੋਂ ਨਜ਼ਦੀਕੀ ਪਿੰਡ ਲੇਹਲ ਵਾਸੀ ਸਿਮਰਨਜੀਤ ਕੌਰ ਸਪੁੱਤਰੀ ਨਰਿੰਦਰਜੀਤ ਸਿੰਘ ਲੇਹਲ ਤੇ ਲਖਵਿੰਦਰ ਕੌਰ ਵਲੋਂ 5ਵੀਂ ਜਮਾਤ ਦੇ ਨਤੀਜਿਆਂ ਵਿਚ ਬਲਾਕ ਧਾਰੀਵਾਲ-1 ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਵਿਸ਼ੇਸ਼ ਸਤਨਾਮ ਕੀਤੇ ਗਿਆ। ਇਸ ਸਬੰਧੀ ਵਿਚ ਬੀ.ਪੀ.ਈ.ਓ. ਬਲਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ 5ਵੀ ਬੋਰਡ ਪ੍ਰੀਖਿਆ 'ਚ ਧਾਰੀਵਾਲ ਬਲਾਕ ਦੇ 58 ਸਕੂਲਾਂ 'ਚੋਂ ਵਿਦਿਆਰਥਣ ਸਿਮਰਨਜੀਤ ਕੌਰ ਨੇ ਸਰਕਾਰੀ ਪ੍ਰਾਇਮਰੀ ਸਕੂਲ ਫੱਜੂਪੁਰ ਰਾਹੀਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ, ਜਿਸ 'ਤੇ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਪਰਮਜੀਤ ਵਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਦੇ ਮੁੱਖ ਅਧਿਆਪਕ ਜਗਜੀਤ ਸਿੰਘ ਨੂੰ ਵੀ ਸ਼ਾਨਦਾਰ ਕਾਰਗੁਜ਼ਾਰੀ ਦੇ ਯੋਗਦਾਨ ਲਈ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਕੋਆਰਡੀਨੇਟਰ ਗੁਰਨਾਮ ਸਿੰਘ ਆਦਿ ਹਾਜ਼ਰ ਸਨ।

# ਦਸਮੇਸ਼ ਲੋਕ ਭਲਾਈ ਕਲੱਬ ਨੇ ਰਾਵੀ ਦਰਿਆ ਪਾਰਲੇ ਪਿੰਡਾਂ 'ਚ ਹੜ੍ਹ ਪੀੜਤਾਂ ਨੂੰ ਵੰਡਿਆ ਕਣਕ ਦਾ ਬੀਜ



ਰਾਵੀ ਦਰਿਆ ਪਾਰ ਦੇ ਪਿੰਡਾਂ ਦੇ ਕਿਸਾਨਾਂ ਨੂੰ ਕਣਕ ਦਾ ਬੀਜ ਵੰਡਦੇ ਹੋਏ ਦਸਮੇਸ਼ ਲੋਕ ਭਲਾਈ ਕਲੱਬ ਗੁਰਦਾਸਪੁਰ ਦੇ ਮੈਂਬਰ। ਅਜੀਤ ਤਸਵੀਰ

ਗੁਰਦਾਸਪੁਰ, 28 ਅਕਤੂਬਰ (ਚੱਕਰਾਜਾ)-ਦਸਮੇਸ਼ ਲੋਕ ਭਲਾਈ ਕਲੱਬ ਗੁਰਦਾਸਪੁਰ ਵਲੋਂ ਰਾਵੀ ਪਾਰਲੇ ਪਿੰਡਾਂ 'ਚ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦਾ ਬੀਜ ਵੰਡਿਆ ਗਿਆ। ਜਾਣਕਾਰੀ ਦਿੰਦੇ ਹੋਏ ਦਸਮੇਸ਼ ਲੋਕ ਭਲਾਈ ਕਲੱਬ ਦੇ ਮੈਂਬਰਾਂ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਡੋਨੇਡਨ ਨਿਊਜ਼ੀਲੈਂਡ ਦੀ ਸੰਗਤ ਵਲੋਂ ਹੜ੍ਹ ਪੀੜਤਾਂ ਲਈ 200 ਕਿੱਲੇ ਕਣਕ ਦਾ ਬੀਜ ਭੇਜਿਆ ਗਿਆ ਸੀ, ਜਿਸ ਨੂੰ ਰਾਵੀ ਦਰਿਆ ਦੇ ਪਾਰਲੇ ਪਿੰਡਾਂ ਮੰਮੀ ਚੱਕਰੰਗਾ, ਕੁੱਕਰ, ਤੂਰ, ਰਾਜਪੁਰ, ਚਿੱਬ ਆਦਿ ਦੇ ਕਿਸਾਨਾਂ ਨੂੰ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਥੇ ਹੜ੍ਹਾਂ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ ਤੇ ਵੱਖ- ਵੱਖ ਸੰਸਥਾਵਾਂ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਹੋ ਕੇ ਸੇਵਾ ਕਰ ਰਹੀਆਂ ਹਨ। ਉਨ੍ਹਾਂ ਇਸ ਸੇਵਾ ਲਈ ਗੁਰਦੁਆਰਾ ਸਿੰਘ ਸਭਾ ਡੋਨੇਡਨ ਨਿਊਜ਼ੀਲੈਂਡ ਦੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਸਿੰਘ ਸੱਦਾ, ਸਤਿੰਦਰ ਸਿੰਘ ਸੱਦਾ, ਪ੍ਰਭਜੀਤ ਸਿੰਘ, ਗੁਰਜੀਤ ਸਿੰਘ ਗਾਹਲੜੀ ਅਤੇ ਬੇਅੰਤ ਸਿੰਘ ਸੱਦਾ ਆਦਿ ਹਾਜ਼ਰ ਸਨ।



ਗ੍ਰੇਟਰ ਕੈਲਾਸ਼ ਕਾਲੋਨੀ ਬਟਾਲਾ ਵਿਚ ਲਾਰਵਾ ਮਾਰਨ ਲਈ ਸਪਰੇਅ ਕਰਨ ਮੌਕੇ ਪ੍ਰਿਤਪਾਲ ਸਿੰਘ ਏ.ਐਮ.ਓ., ਸੁਰਿੰਦਰਪਾਲ ਸਿੰਘ ਐੱਚ.ਆਈ., ਅਮਨਦੀਪ ਸਿੰਘ, ਬਲਿਹਾਰ ਸਿੰਘ, ਬਚਿੱਤਰ ਸਿੰਘ ਤੇ ਸੁਖਜੀਤ ਸਿੰਘ ਆਦਿ। ਅਜੀਤ ਤਸਵੀਰ

# ਸ਼੍ਰੋਮਣੀ ਕਮੇਟੀ ਮੈਂਬਰ ਜੱਸਲ ਵਲੋਂ ਵਿਰਾਸਤੀ ਮੰਚ ਬਟਾਲਾ ਦੇ ਮੈਂਬਰਾਂ ਦਾ ਸਨਮਾਨ

ਬਟਾਲਾ, 28 ਅਕਤੂਬਰ (ਸਤਿੰਦਰ ਸਿੰਘ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰੂ ਨਾਨਕ ਕਾਲਜ ਬਟਾਲਾ ਵਿਖੇ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸੁਚੱਜੀ ਤੇ ਯੋਗ ਅਗਵਾਈ ਹੇਠ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਹੇਠ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਗੁਰਨਾਮ ਸਿੰਘ ਜੱਸਲ ਦੇ ਵਿਸ਼ੇਸ਼ ਉਪਰਾਲੇ ਸਦਕਾ ਬੱਚਿਆਂ ਦੇ ਗੁਰਮਤਿ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਿੱਖ ਵਿਰਾਸਤਾ ਦੀ ਸੇਵਾ ਸੰਭਾਲ ਲਈ ਤਤਪਰ ਵਿਰਾਸਤੀ ਮੰਚ ਬਟਾਲਾ ਵਲੋਂ ਬੱਚਿਆਂ ਦੇ ਗੁਰਮਤਿ ਮੁਕਾਬਲਿਆਂ ਮੌਕੇ ਦਿੱਤੇ ਵਡਮੁੱਲੇ ਸਹਿਯੋਗ ਲਈ ਜਥੇ. ਗੁਰਨਾਮ ਸਿੰਘ ਜੱਸਲ ਨੇ ਧੰਨਵਾਦ ਕਰਦਿਆਂ ਵਿਰਾਸਤੀ ਮੰਚ ਬਟਾਲਾ ਦੇ ਮੈਂਬਰਾਂ ਕੁਲਵਿੰਦਰ ਸਿੰਘ ਲਾਡੀ ਜੱਸਲ ਤੇ ਪ੍ਰਿੰਸ ਚੱਠਾ ਨੂੰ ਸਨਮਾਨਿਤ ਕੀਤਾ ਵਿਰਾਸਤੀ ਮੰਚ ਬਟਾਲਾ ਵਲੋਂ ਜਥੇ. ਜੱਸਲ ਵਲੋਂ ਨਿਰੰਤਰ ਕਰਵਾਏ ਜਾ ਰਹੇ ਸਮਾਗਮਾਂ ਦੀ ਸ਼ਲਾਘਾ ਕਰਦਿਆਂ ਆਉਣ ਵਾਲੇ ਸਮੇਂ ਵਿਚ ਵੀ ਹਰ ਪ੍ਰਕਾਰ ਦੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ ਸੰਧੂ, ਮਲਕੀਅਤ ਸਿੰਘ ਬਸਰਾਵਾਂ ਮੈਨੇਜਰ, ਜਤਿੰਦਰਪਾਲ ਸਿੰਘ ਵਿੱਕੀ, ਬਲਵਿੰਦਰ ਸਿੰਘ ਚੱਠਾ, ਹਰਵਿੰਦਰ ਸਿੰਘ ਜਫਰਵਾਲ, ਪੰਥਜੀਤ ਸਿੰਘ, ਗੁਲਬਾਗ ਸਿੰਘ ਬਾਸਰਪੁਰ, ਜੈਦੀਪ ਸਿੰਘ ਆਦਿ ਹਾਜ਼ਰ ਸਨ।

ਭਾਰਤੀ ਰੇਲ
ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ-147 003
ਫੋਨ:: 2396000, 2396001, ਫੈਕਸ : 91-0175-2306413
ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/434/25
ਮਿਤੀ 09.10.2025 ਦਾ ਸ਼ੁਧਤਾ
No. PLW/EL/434/25 Date 27.10.2025
ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/434/25, ਜਿਸ ਵਿਚ "ਪੀ.ਐਲ.ਡਬਲਯੂ./ਪਟਿਆਲਾ ਦੇ ਵੱਖ-ਵੱਖ ਸ਼ਾਪ (ਐਲ.ਏ.ਐਸ. ਐਲ.ਐਫ.ਐਸ. ਪੀ.ਪੀ.ਐਸ. ਈ.ਸੀ.ਐਸ. ਐਚ.ਐਮ.ਐੱਸ) ਦੇ ਕੇਬਲ ਖਾਈ ਤੋਂ ਅਕਿਰਿਆਸ਼ੀਲ/ ਮ੍ਰਿਤ ਕੇਬਲਾਂ ਨੂੰ ਹਟਾਉਣ ਲਈ" ਪੜਾਅ-1 ਦੇ ਲਈ ਬਿਜਲੀ ਕੰਮ" ਮਿਤੀ 22.10.2025 ਨੂੰ ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਵਿਚ ਛਾਪਿਆ ਗਿਆ ਸੀ। ਟੈਂਡਰ ਦੀ ਅੰਤਮ ਮਿਤੀ ਕ੍ਰਮ ਸੰਖਿਆ 06 ਵਿਚ 04.11.2025 ਦੀ ਥਾਂ 'ਤੇ 14/11/2025 ਪੜ੍ਹੀ ਜਾਏ। 3349/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਭਾਰਤੀ ਰੇਲ
ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ-147 003
ਫੋਨ:: 2396000, 2396001, ਫੈਕਸ : 91-0175-2306413
ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/435/25
ਮਿਤੀ 13.10.2025 ਦਾ ਸ਼ੁਧਤਾ
No. PLW/EL/435/25 Date 27.10.2025
ਨਿਵਿਦਾ ਸੂਚਨਾ ਨੰਬਰ ਪੀ.ਐਲ.ਡਬਲਯੂ./ਈ.ਐਲ/435/25, ਜਿਸ ਵਿਚ "ਪੀ.ਐਲ.ਡਬਲਯੂ./ਪਟਿਆਲਾ ਵਿਖੇ ਅਫਸਰ ਰੈਸਟ ਹਾਊਸ ਦੀ ਮੁਰੰਮਤ ਅਤੇ ਅਫਸਰ ਕਲਬ ਬਿਜਲੀ ਦੇ ਕੰਮਾਂ ਦੀ ਮੁਰੰਮਤ" ਮਿਤੀ 24.10.2025 ਨੂੰ ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਵਿਚ ਛਾਪਿਆ ਗਿਆ ਸੀ। ਟੈਂਡਰ ਦੀ ਅੰਤਮ ਮਿਤੀ ਕ੍ਰਮ ਸੰਖਿਆ 06 ਵਿਚ 07.11.2025 ਦੀ ਥਾਂ 'ਤੇ 17/11/2025 ਪੜ੍ਹਿਆ ਜਾਵੇ।
ਨਿਵਿਦਾ ਨੰਬਰ PLW/EL/335/25 ਨੂੰ IREPS NIT ਹੇਡਰ ਵਿਚ ਜਿਕਰਯੋਗ PLW/EL/435/25 ਦੇ ਰੂਪ ਵਿਚ ਪੜ੍ਹਿਆ ਜਾ ਸਕਦਾ ਹੈ। 3350/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ
ਈ-ਨੀਲਾਮੀ ਸੂਚਨਾ
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-MA25-7 | 05.11.2025 ਨੂੰ 11:30 ਵਜੇ | ਗੱਡੀ ਨੰਬਰ 14634/33, 20424/23, 12408/07, 114622/21 & 14626/25, 20498/97 (ਗਰੁਪ ਰੇਲ ਲਿੰਕ) ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MPS25-15 | 06.11.2025 ਨੂੰ 11:30 ਵਜੇ | ਲੁਧਿਆਣਾ, ਫਿਰੋਜ਼ਪੁਰ ਛਾਉਣੀ, ਫਰੀਦਕੋਟ ਅਤੇ ਫਿਲੌਰ ਰੇਲਵੇ ਸਟੇਸ਼ਨ ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-ATM25-2 | 07.11.2025 ਨੂੰ 11:30 ਵਜੇ | ਫਿਰੋਜ਼ਪੁਰ ਛਾਉਣੀ, ਫਗਵਾੜਾ, ਢੰਡਾਰੀ ਕਲਾਂ, ਹੁਸ਼ਿਆਰਪੁਰ, ਨਵਾਂ ਸ਼ਹਿਰ ਦੋਆਬਾ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਟੀਐਮ ਦੇ ਪ੍ਰਾਵਧਾਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਣ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ:NR-FZR0COML (NFR)/18/2024 ਤਾਰੀਕ: 27.10.2025 3335/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ